FOR IMMEDIATE RELEASE CITY OF SURREY

MEDIA RELEASE

# ਸਰੀ ਕਾਊਂਸਿਲ ਸ਼ਹਿਰ ਭਰ ਵਿੱਚ ਸੜਕੀ ਸੁਧਾਰ ਲਈ $17.3M ਦੇ ਠੇਕਿਆਂ 'ਤੇ ਵਿਚਾਰ ਕਰੇਗੀ

## 132 ਸਟਰੀਟ ਚੌੜਾ ਕਰਨ ਦਾ ਪਹਿਲਾ ਫੇਜ਼ ਵੀ ਇਸ ਵਿੱਚ ਸ਼ਾਮਲ ਹੈ

ਤੁਰੰਤ ਰਿਲੀਜ਼: 10 ਜਨਵਰੀ, 2024

**ਸਰੀ, ਬੀ.ਸੀ.** - ਸੋਮਵਾਰ ਨੂੰ ਆਪਣੀ ਰੈਗੂਲਰ ਕੌਂਸਲ ਮੀਟਿੰਗ ਦੌਰਾਨ, ਸਰੀ ਸਿਟੀ ਕਾਊਂਸਿਲ 132 ਸਟਰੀਟ ਰੋਡ ਵਾਈਡਨਿੰਗ ਪ੍ਰੋਜੈਕਟ ਦੇ ਅਹਿਮ ਪਹਿਲੇ ਪੜਾਅ ਸਮੇਤ ਪੂਰੇ ਸ਼ਹਿਰ ਵਿੱਚ ਸੜਕਾਂ ਦੇ ਸੁਧਾਰ ਅਤੇ ਵਿਸਥਾਰ ਲਈ $17.3M ਦੇ ਕੰਨਟਰੈਕਟਸ 'ਤੇ ਵਿਚਾਰ ਕਰੇਗੀ। ਇਹ ਮਹੱਤਵਪੂਰਨ ਕਦਮ, ਸਰੀ ਦੇ ਆਵਾਜਾਈ ਨੈੱਟਵਰਕ ਦੀਆਂ ਵਧਦੀਆਂ ਮੰਗਾਂ ਨੂੰ ਪੂਰਾ ਕਰਨਗੇ ਦੇ ਨਾਲ ਡਰਾਈਵਰਾਂ ਅਤੇ ਪੈਦਲ ਚਾਲਕਾਂ ਲਈ ਸਮੁੱਚੀ ਸੜਕ ਸੁਰੱਖਿਆ ਵਿੱਚ ਸੁਧਾਰ ਕਰਨਗੇ।

ਮੇਅਰ ਬ੍ਰੈਂਡਾ ਲੌਕ ਨੇ ਕਿਹਾ, "ਨਿਊਟਨ ਦੇ 132 ਸਟਰੀਟ ਕੋਰੀਡੋਰ ਨੂੰ ਚੌੜਾ ਕਰਨ ਅਤੇ ਸਾਡੇ ਮੌਜੂਦਾ ਸੜਕੀ ਨੈੱਟਵਰਕ ਨੂੰ ਅੱਪਗ੍ਰੇਡ ਕਰਨ ਵਿੱਚ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਸਰੀ ਦੀ ਤੇਜ਼ੀ ਨਾਲ ਵੱਧ ਰਹੀ ਆਬਾਦੀ, ਜਿਸਦੇ ਅਗਲੇ ਦੋ ਦਹਾਕਿਆਂ ਵਿੱਚ 10 ਲੱਖ ਤੱਕ ਪਹੁੰਚਣ ਦਾ ਅਨੁਮਾਨ ਹੈ, ਦੇ ਅਨੁਕੂਲ ਬਣਾਉਣ ਲਈ ਤਿਆਰ ਹਾਂ।" "ਇਹ ਸੁਧਾਰ ਸਿਰਫ਼ ਆਵਾਜਾਈ ਦੇ ਪ੍ਰਵਾਹ ਨੂੰ ਸੁਧਾਰਨ ਬਾਰੇ ਨਹੀਂ ਹਨ, ਇਹ ਸਾਡੇ ਵਸਨੀਕਾਂ ਲਈ ਸੁਰੱਖਿਆ, ਸੰਪਰਕ ਅਤੇ ਜੀਵਨ ਦੀ ਸਮੁੱਚੀ ਗੁਣਵੱਤਾ ਨੂੰ ਵਧਾਉਣ ਲਈ ਜ਼ਰੂਰੀ ਹਨ। ਇਹ ਨਿਵੇਸ਼ $300M ਦਾ ਹਿੱਸਾ ਹਨ, ਜੋ ਕਾਊਂਸਿਲ ਨੇ ਸਾਡੇ ਸੜਕੀ ਨੈੱਟਵਰਕ ਨੂੰ ਚਾਰ ਸਾਲਾਂ ਵਿੱਚ ਵਧਾਉਣ ਅਤੇ ਅਪਗ੍ਰੇਡ ਕਰਨ ਲਈ ਮਨਜ਼ੂਰੀ ਦਿੱਤੀ ਹੈ, ਤਾਂ ਜੋ ਆਵਾਜਾਈ ਪ੍ਰਣਾਲੀ ਨੂੰ ਵਧੇਰੇ ਕੁਸ਼ਲ ਅਤੇ ਪਹੁੰਚਯੋਗ ਬਣਾਇਆ ਜਾ ਸਕੇ।"

ਫੋਕਸ ਨਿਊਟਨ ਟਾਸਕ ਫੋਰਸ ਦੇ ਚੇਅਰ, ਕੌਂਸਲਰ ਹੈਰੀ ਬੈਂਸ ਅਨੁਸਾਰ, "ਸੜਕਾਂ ਦਾ ਇਹ ਸੁਧਾਰ ਨਿਊਟਨ ਲਈ ਇੱਕ ਮਹੱਤਵਪੂਰਨ ਕਦਮ ਹੋਵੇਗਾ, ਕਿਉਂਕਿ ਟਾਸਕ ਫੋਰਸ ਨੇ ਭਾਈਚਾਰੇ ਨੂੰ ਸੁਣਿਆਂ ਅਤੇ ਵੱਧ ਰਹੀ ਅਬਾਦੀ ਦੇ ਹਿਸਾਬ ਆਵਾਜਾਈ ਦੇ ਬੁਨਿਆਦੀ ਢਾਂਚੇ ਦੇ ਪਸਾਰ ਦੀ ਤੁਰੰਤ ਲੋੜ ਨੂੰ ਪਛਾਣਿਆ ਹੈ। 132 ਸਟ੍ਰੀਟ ਨੂੰ ਚੌੜਾ ਕਰਨਾ ਅਤੇ ਹੋਰ ਮਹੱਤਵਪੂਰਨ ਅੱਪਗਰੇਡਾਂ ਨਾਲ ਨਾ ਸਿਰਫ਼ ਆਵਾਜਾਈ ਦੇ ਪ੍ਰਵਾਹ ਵਿੱਚ ਸੁਧਾਰ ਹੋਵੇਗਾ, ਸਗੋਂ ਸਾਡੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਸੁਰੱਖਿਅਤ ਰਸਤੇ ਵੀ ਯਕੀਨੀ ਹੋਣਗੇ। ਇਕੱਠੇ ਮਿਲ ਕੇ, ਅਸੀਂ ਆਪਣੇ ਨਿਵਾਸੀਆਂ ਲਈ ਇੱਕ ਬਿਹਤਰ, ਵਧੇਰੇ ਜੁੜੇ ਭਵਿੱਖ ਦਾ ਨਿਰਮਾਣ ਕਰ ਰਹੇ ਹਾਂ।"

ਪ੍ਰਸਤਾਵਿਤ ਸਮਝੌਤਿਆਂ ਵਿੱਚ ਸ਼ਾਮਲ ਹਨ:

1. **132 ਸਟਰੀਟ ਰੋਡ ਵਾਈਡਨਿੰਗ ਪ੍ਰੋਜੈਕਟ**: ਟ੍ਰੈਫਿਕ, ਸੁਰੱਖਿਆ, ਪੈਦਲ ਅਤੇ ਸਾਈਕਲਿੰਗ ਸੁਵਿਧਾਵਾਂ ਨੂੰ ਬਿਹਤਰ ਬਣਾਉਣ ਲਈ 132 ਸਟ੍ਰੀਟ ਨੂੰ 72 ਤੋਂ 76 ਐਵੇਨਿਊ ਦਰਮਿਆਨ ਦੋ ਲੇਨ ਤੋਂ ਚਾਰ ਲੇਨ ਤੱਕ $9.2M ਦਾ ਸਮਝੌਤਾ ਪ੍ਰਸਤਾਵਿਤ ਹੈ। 132 ਸਟ੍ਰੀਟ ਸ਼ਹਿਰ ਦੇ ਸਭ ਤੋਂ ਵਿਅਸਤ ਸਟਰੀਟ ਵਿੱਚੋਂ ਇੱਕ ਹੈ, ਅਤੇ ਇਹ ਪਸਾਰ ਭੀੜ-ਭੜੱਕੇ ਤੋਂ ਰਾਹਤ ਅਤੇ ਨਿਊਟਨ ਵਿੱਚ ਵਿਕਾਸ ਦੇ ਲਈ ਇੱਕ ਬਹੁ-ਪੜਾਵੀ ਪ੍ਰੋਗਰਾਮ ਦੇ ਪਹਿਲੇ ਫੇਜ਼ ਨੂੰ ਦਰਸਾਉਂਦਾ ਹੈ। 76 ਤੋਂ 84 ਐਵੇਨਿਊ ਨੂੰ ਚੌੜਾ ਕਰਨਾ ਅਗਲੇ ਪੜਾਅ ਦਾ ਹਿੱਸਾ ਹੋਵੇਗਾ।

2. **ਸਲਾਨਾ ਫੁੱਟਪਾਥ ਅਤੇ ਸੜਕੀ ਮੁਰੰਮਤ**: ਇੱਕ $2.9M ਦਾ ਕੰਟਰੈਕਟ ਸਲਾਨਾ ਫੁੱਟਪਾਥ ਅਤੇ ਮਾਮੂਲੀ ਸੜਕ ਮੁਰੰਮਤ ਤੇ ਇਨ-ਹਾਊਸ ਵਾਟਰ ਅਤੇ ਸੈਨੇਟਰੀ ਯੂਟੀਲਿਟੀ ਨਿਰਮਾਣ ਨਾਲ ਸੰਬੰਧਿਤ ਮੁਰੰਮਤ ਲਈ ਪ੍ਰਸਤਾਵਿਤ ਹੈ, ਇਹ ਯਕੀਨੀ ਬਣਾਉਣ ਲਈ ਕਿ ਸੜਕਾਂ ਜਲਦੀ ਅਨੁਕੂਲ ਸਥਿਤੀ ਵਿੱਚ ਵਾਪਸ ਤਿਆਰ ਹੋ ਸਕਣ ।
3. **ਮੇਜਰ ਰੋਡ ਨੈੱਟਵਰਕ ਪੇਵਿੰਗ**: ਸੜਕ ਪੱਕੀ ਕਰਨ ਦੇ ਪ੍ਰੋਜੈਕਟਾਂ ਲਈ $5.2M ਦਾ ਇਕਰਾਰਨਾਮਾ ਮੇਜਰ ਰੋਡ ਨੈੱਟਵਰਕ ਦੀਆਂ 24 ਲੇਨ-ਕਿਲੋਮੀਟਰ ਸੜਕਾਂ ਦੀ ਮੁਰੰਮਤ ਲਈ ਪ੍ਰਸਤਾਵਿਤ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੜਕਾਂ ਚੰਗੀ ਮੁਰੰਮਤ ਦੀ ਸਥਿਤੀ ਵਿੱਚ ਹਨ ਅਤੇ ਮੁੱਖ ਰੋਡਵੇਜ਼ ਦੀ ਸੁਰੱਖਿਆ ਅਤੇ ਉਪਯੋਗਤਾ ਨੂੰ ਵਧਾਉਣਾ, ਸਮੇਤ:
   - 104 ਐਵੇਨਿਊ: ਕਿੰਗ ਜੋਰਜ ਬੁਲੇਵਾਰ੍ਡ ਤੋਂ ਵੈੱਲੀ ਬੁਲੇਵਾਰ੍ਡ
   - ਸਕਾਟ ਰੋਡ: 100 ਐਵੇਨਿਊ– 101A ਐਵੇਨਿਊ
   - ਕਿੰਗ ਜੋਰਜ ਬੁਲੇਵਾਰ੍ਡ ਅਤੇ 102 ਐਵੇਨਿਊ ਇੰਟਰਸੈਕਸ਼ਨ
   - 96 ਐਵੇਨਿਊ: ਗੋਲਡਨ ਈਰਾਸ ਵੇਅ ਤੋਂ 18525 - 96 ਐਵੇਨਿਊ ਤੱਕ
   - 120 ਸਟ੍ਰੀਟ: 95A ਐਵੇਨਿਊ - 97 ਐਵੇਨਿਊ (ਉੱਤਰ ਵੱਲ)
   - ਕਿੰਗ ਜੋਰਜ ਬੁਲੇਵਾਰ੍ਡ: 91A ਐਵੇਨਿਊ - 94A ਐਵੇਨਿਊ
   - 88 ਐਵੇਨਿਊ: 17100 ਬਲਾਕ ਤੋਂ 176 ਸਟਰੀਟ
   - 88 ਐਵੇਨਿਊ: 12300 ਬਲਾਕ - 124 ਸਟਰੀਟ
   - 88 ਐਵੇਨਿਊ: 162 ਸਟਰੀਟ - 164 ਸਟਰੀਟ
   - ਕਿੰਗ ਜੋਰਜ ਬੁਲੇਵਾਰ੍ਡ: 73 ਐਵੇਨਿਊ - 76 ਐਵੇਨਿਊ
   - 152 ਸਟਰੀਟ: 72 ਐਵੇਨਿਊ - 76 ਐਵੇਨਿਊ (ਦੱਖਣ ਵੱਲ)
   - 72 ਐਵੇਨਿਊ: 128 ਸਟਰੀਟ ਤੋਂ 130 ਸਟਰੀਟ
   - ਕਿੰਗ ਜੋਰਜ ਬੁਲੇਵਾਰ੍ਡ: 56 ਐਵੇਨਿਊ ਤੋਂ 60 ਐਵੇਨਿਊ
   - ਕਿੰਗ ਜੋਰਜ ਬੁਲੇਵਾਰ੍ਡ: 1590 ਬਲਾਕ - 1600 ਬਲਾਕ

ਇਹਨਾਂ ਸੜਕਾਂ ਦੇ ਸੁਧਾਰਾਂ ਲਈ ਫੰਡ 2025 ਦੇ ਪ੍ਰਵਾਨਿਤ ਟ੍ਰਾਂਸਪੋਰਟੇਸ਼ਨ ਬਜਟ ਤੋਂ ਨਿਰਧਾਰਤ ਕੀਤੇ ਗਏ ਹਨ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

prabhjot.kahlon@surrey.ca
C :236-878-6263